بِسۡمِ اللّٰہِ الرَّحۡمٰنِ الرَّحِیۡمِ     نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ     وَ عَلٰی عَبۡدِہِ الۡمَسِیۡحِ الۡمَوۡعُوۡدِ

لَا اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in     ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਸਿਰਫ਼ ਬੁਰਾਈਆਂ ਤੋਂ ਬਚਣਾ ਤਕ਼ਵਾ ਨਹੀਂ ਬਲਕਿ ਹਕ਼ੀਕ਼ੀ ਤਕ਼ਵਾ ਨੇਕੀਆਂ ‘ਤੇ ਕ਼ਾਇਮ ਹੋਣਾ ਅਤੇ ਉਨ੍ਹਾਂ ਨੂੰ ਜਾਰੀ ਰੱਖਣਾ ਹੈ।

ਸੰਖੇਪ ਵਿਵਰਨ ਖ਼ੁਤਬਾ ਈਦੁਲ੍ ਫ਼ਿਤ੍ਰ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 31 ਮਾਰਚ 2025 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ اَلْحَمْدُ لِلّٰهِ رَبِّ الْعٰلَمِيْنَ ۞ اَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਰਮਜ਼ਾਨ ਕੱਲ ਖ਼ਤਮ ਹੋਇਆ ਅਤੇ ਅੱਜ ਅਸੀਂ ਅੱਲਾਹ ਤਆਲਾ ਦੇ ਫ਼ਜ਼ਲ ਨਾਲ਼ **ਈਦੁਲ੍ ਫ਼ਿਤ੍ਰ** ਮਨਾ ਰਹੇ ਹਾਂ। ਇਸ ਲਈ ਖ਼ੁਸ਼ੀ ਦਾ ਦਿਨ ਮਨਾ ਰਹੇ ਹਾਂ ਕਿ ਜਿਨ੍ਹਾਂ ਨੇਕੀਆਂ ਨੂੰ ਅਸੀਂ ਰਮਜ਼ਾਨ ਵਿੱਚ ਕੀਤਾ ਅਤੇ ਜਿਨ੍ਹਾਂ ਨੇਕੀਆਂ ਨੂੰ ਕਰਨ ਦਾ ਅਸੀਂ ਵਚਨ ਕੀਤਾ ਉਨ੍ਹਾਂ ਦੀ ਖ਼ੁਸ਼ੀ ਮਨਾਈ ਜਾਵੇ। ਬਸ ਇਹ ਈਦ ਸਿਰਫ਼ ਖ਼ੁਸ਼ੀ ਮਨਾਉਣ ਦਾ ਦਿਨ ਨਹੀਂ ਬਲਕਿ ਇਹ ਵਚਨ ਕਰਨ ਦਾ ਵੀ ਦਿਨ ਹੈ ਕਿ ਹੁਣ ਅਸੀਂ ਉਨ੍ਹਾਂ ਸਭ ਨੇਕੀਆਂ ਨੂੰ ਜਾਰੀ ਰੱਖਾਂਗੇ। ਜੇਕਰ ਇਹ ਹੋਵੇਗਾ ਤਦ ਹੀ ਸਾਡੀ ਈਦ ਹਕ਼ੀਕ਼ੀ ਈਦ ਹੋਵੇਗੀ।

ਸਿਰਫ਼ ਬੁਰਾਈਆਂ ਤੋਂ ਬਚਣਾ ਤਕ਼ਵਾ ਨਹੀਂ ਬਲਕਿ ਹਕ਼ੀਕ਼ੀ ਤਕ਼ਵਾ ਨੇਕੀਆਂ ‘ਤੇ ਕ਼ਾਇਮ ਹੋਣਾ ਅਤੇ ਉਨ੍ਹਾਂ ਨੂੰ ਜਾਰੀ ਰੱਖਣਾ ਹੈ। ਅੱਜ ਅਸੀਂ ਇਸ ਵਚਨ ਨੂੰ ਨਵਾਂ ਕਰਦੇ ਹਾਂ ਕਿ ਅੱਲਾਹ ਤਆਲਾ ਦੇ ਹੱਕ਼ ਅਤੇ ਬੰਦਿਆਂ ਦੇ ਹੱਕ਼ ‘ਤੇ ਮਜ਼ਬੂਤੀ ਨਾਲ਼ ਹਮੇਸ਼ਾ ਕ਼ਾਇਮ ਰਹਾਂਗੇ।

**ਈਦ** ਸਿਰਫ਼ ਖਾਣ, ਪੀਣ, ਖੇਡਣ, ਕੂਦਣ ਜਾਂ ਨਵੇਂ ਕੱਪੜੇ ਪਹਿਨਣ ਦਾ ਨਾਮ ਨਹੀਂ ਬਲਕਿ ਈਦ ਸਾਨੂੰ ਇਹ ਸੋਚਣ ਦਾ ਪੈਗ਼ਾਮ ਦਿੰਦੀ ਹੈ ਕਿ ਅਸੀਂ ਆਇੰਦਾ ਨੇਕ ਗੱਲਾਂ ਨੂੰ ਜਾਰੀ ਰੱਖਣਾ ਹੈ ਅਤੇ ਬੁਰਾਈਆਂ ਤੋਂ ਬਚਣਾ ਹੈ। ਜੇਕਰ ਅੱਜ ਈਦ ਮਨਾਉਣ ਦੇ ਬਾਅਦ ਅਸੀਂ ਆਪਣੀ ਉਸੇ ਹਾਲਤ ‘ਤੇ ਵਾਪਿਸ ਚਲੇ ਗਏ ਜਿਹੜੀ ਹਾਲਤ ਰਮਜ਼ਾਨ ਤੋਂ ਪਹਿਲਾਂ ਸਾਡੇ ਵਿੱਚੋਂ ਕੁੱਝ ਦੀ ਸੀ ਜਾਂ ਜੇਕਰ ਸਾਡੇ ਕ਼ਦਮ ਤਰੱਕੀ ਵੱਲ ਨਾ ਵਧੇ ਤਾਂ ਇਹ ਗੱਲ **ਮੋਮਿਨ** ਦੀ ਸ਼ਾਨ ਦੇ ਖ਼ਿਲਾਫ਼ ਹੋਵੇਗੀ। ਮੋਮਿਨ ਦੀ ਸ਼ਾਨ ਤਾਂ ਇਹੀ ਹੈ ਕਿ ਉਹ ਨੇਕੀਆਂ ਵਿੱਚ ਲਗਾਤਾਰ ਅੱਗੇ ਤੋਂ ਅੱਗੇ ਵਧਦਾ ਜਾਵੇ।

ਅੱਜ ਦੇ ਦਿਨ ਸਾਨੂੰ ਆਪਣੇ **ਜਾਇਜ਼ੇ** ਲੈਣੇ ਚਾਹੀਦੇ ਹਨ ਕਿ ਕੀ ਅਸੀਂ ਇਸ ਵਚਨ ‘ਤੇ ਕਾਰਬੰਦ ਰਹਿਣ ਲਈ ਖ਼ੁਦ ਨੂੰ ਤਿਆਰ ਪਾਉਂਦੇ ਹਾਂ? ਕੀ ਅਸੀਂ ਹਕ਼ੀਕ਼ਤ ਵਿੱਚ ਅੱਲਾਹ ਤਆਲਾ ਨਾਲ਼ ਕੀਤੇ ਗਏ ਵਾਅਦੇ ਨੂੰ ਪੂਰਾ ਕਰਨ ਦੀ ਕੋਸ਼ਿਸ਼ ਵਿੱਚ ਮਸਰੂਫ਼ ਹਾਂ? ਅਸੂਲਨ ਤਾਂ ਇਹ ਹੋਣਾ ਚਾਹੀਦਾ ਹੈ ਕਿ ਈਦੁਲ੍ ਫ਼ਿਤ੍ਰ ਸਾਨੂੰ ਇਹ ਨਜ਼ਾਰਾ ਦਿਖਾਵੇ ਕਿ ਇੱਕ ਮਹੀਨੇ ਦੇ ਰੋਜ਼ਿਆਂ ਨਾਲ਼ ਸਾਨੂੰ ਖ਼ੁਦਾ ਮਿਲ਼ ਗਿਆ ਹੈ। ਜੇਕਰ ਖ਼ੁਦਾ ਮਿਲ਼ ਜਾਵੇ ਤਾਂ ਤਦ ਤਾਂ ਨੇਕੀਆਂ ਵਿੱਚ ਤਰੱਕ਼ੀ ਨਜ਼ਰ ਆਉਣੀ ਚਾਹੀਦੀ ਹੈ।

ਈਦ ਦਾ ਦਿਨ ਸਿਰਫ਼ ਖ਼ੁਸ਼ੀਆਂ ਮਨਾਉਣ ਦਾ ਦਿਨ ਨਹੀਂ ਬਲਕਿ ਇਹ **ਇਬਾਦਤਾਂ** ਵੱਲ ਖ਼ਾਸ ਤਵੱਜੋ ਕਰਨ ਦਾ ਦਿਨ ਹੈ। ਇਸ ਦਿਨ ਸਾਡੇ ‘ਤੇ ਬਾਕ਼ੀ ਦਿਨਾਂ ਦੀ ਨਿਸਬਤ ਜ਼ਿਆਦਾ ਨਮਾਜ਼ਾਂ ਫ਼ਰਜ਼ ਕੀਤੀਆਂ ਗਈਆਂ ਹਨ। ਬਾਕ਼ੀ ਦਿਨਾਂ ਵਿੱਚ ਤਾਂ ਸਾਡੇ ‘ਤੇ ਪੰਜ ਨਮਾਜ਼ਾਂ ਫ਼ਰਜ਼ ਹਨ ਪਰ ਈਦ ਦੇ ਦਿਨ ਸਾਡੇ ‘ਤੇ ਛੇ ਨਮਾਜ਼ਾਂ ਫ਼ਰਜ਼ ਹੋ ਜਾਂਦੀਆਂ ਹਨ। ਬਸ ਇਹ ਇਬਾਦਤਾਂ ਦੇ ਲਈ ਇੱਕ ਖ਼ਾਸ ਦਿਨ ਹੈ ਅਤੇ ਇਸ ਗੱਲ ਨੂੰ ਸਾਨੂੰ ਯਾਦ ਰੱਖਣਾ ਚਾਹੀਦਾ ਹੈ।

ਜੇਕਰ ਸਾਨੂੰ ਖ਼ੁਦਾ ਨਹੀਂ ਮਿਲਿਆ, ਜੇਕਰ ਅਸੀਂ ਉਸ ਦੀ ਇਬਾਦਤ ਦਾ ਹੱਕ਼ ਅਦਾ ਨਾ ਕਰ ਸਕੇ, ਉਸ ਦੇ ਬੰਦਿਆਂ ਦੇ ਹੱਕ਼ ਅਦਾ ਨਾ ਕਰ ਸਕੇ, ਜੇਕਰ ਅਸੀਂ ਖ਼ੁਦਾ ਨੂੰ ਪਾਉਣ ਦਾ ਹੱਕ਼ ਅਦਾ ਨਹੀਂ ਕੀਤਾ ਤਾਂ ਫਿਰ ਸਿਰਫ਼ ਖ਼ੁਸ਼ੀਆਂ ਮਨਾਉਣਾ ਤਾਂ ਈਦ ਦਾ **ਮਕ਼ਸਦ** ਨਹੀਂ। ਬੰਦਿਆਂ ਦੇ ਹੱਕ਼ ਵੀ ਅਦਾ ਕਰਨੇ ਜ਼ਰੂਰੀ ਹਨ। ਇਹ ਵੀ ਇੱਕ ਕ਼ਿਸਮ ਦੀ ਇਬਾਦਤ ਹੈ। ਅਜਿਹਾ ਸ਼ਖ਼ਸ ਜਿਸ ਨੂੰ ਖ਼ੁਦਾ ਨਹੀਂ ਮਿਲਿਆ, ਉਸ ਦੀ ਮਿਸਾਲ ਹਜ਼ਰਤ ਮੁਸ੍ਲਿਹ ਮੌਊਦ ਰਜ਼ਿ ਅੱਲਾਹੁ ਅਨਹੁ ਨੇ ਅਜਿਹੇ ਪਾਗਲ ਨਾਲ਼ ਦਿੱਤੀ ਹੈ ਜਿਸ ਨੂੰ ਹੀਰੇ ਜਵਾਹਰਾਤ ਦੀ ਪਛਾਣ ਹੀ ਨਹੀਂ ਅਤੇ ਉਹ **ਸ਼ੀਸ਼ੇ** ਦੇ ਟੁਕੜੇ ਨੂੰ ਹੀਰਾ ਸਮਝਦਾ ਹੈ। ਜਦ ਇਨਸਾਨ ਦਾ ਖ਼ੁਦਾ ਨਾਲ਼ ਖ਼ਾਸ ਤਅੱਲੁਕ਼ ਪੈਦਾ ਹੋਵੇਗਾ ਤਾਂ ਤਦ ਹੀ ਉਹ ਖ਼ੁਦਾ ਨੂੰ ਪਛਾਣ ਸਕੇਗਾ। ਜਿਸ ਨੂੰ ਅੱਲਾਹ ਤਆਲਾ ਪਸੰਦ ਕਰਦਾ ਹੈ ਉਸ ਨੂੰ ਆਪਣੀ ਪਛਾਣ ਅਤੇ **ਮਅਰਿਫ਼ਤ** ਅਤਾ ਕਰਦਾ ਹੈ। ਇੱਕ ਹਕ਼ੀਕ਼ੀ ਮੋਮਿਨ ਦੀ ਖ਼ੁਸ਼ੀ ਤਾਂ ਇਹੀ ਹੈ ਕਿ ਉਹ ਖ਼ੁਦਾ ਨੂੰ ਹਾਸਿਲ ਕਰ ਲਵੇ।

ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਫ਼ਰਮਾਇਆ ਹੈ ਕਿ ਇੱਕ ਮਾਂ ਨੂੰ ਆਪਣੇ ਗੁਮਸ਼ੁਦਾ ਬੱਚੇ ਦੇ ਮਿਲ਼ਣ ਦੀ ਜਿਸ ਕ਼ਦਰ ਖ਼ੁਸ਼ੀ ਹੁੰਦੀ ਹੈ, ਖ਼ੁਦਾ ਨੂੰ ਆਪਣੇ ਬੰਦੇ ਦੇ ਉਸ ਵੱਲ ਵਾਪਿਸ ਆਉਣ 'ਤੇ ਇਸ ਤੋਂ ਜ਼ਿਆਦਾ **ਖ਼ੁਸ਼ੀ** ਹੁੰਦੀ ਹੈ।

ਹਜ਼ਰਤ ਮਸੀਹ ਮੌਊਦ ਅਲੈਹਿੱਸ੍ ਸਲਾਮ ਫ਼ਰਮਾਉਂਦੇ ਹਨ ਕਿ ਈਦ ਦਾ ਦਿਨ ਬੇਸ਼ੱਕ **ਮੁਬਾਰਕ** ਦਿਨ ਹੈ ਪਰ ਇੱਕ ਦਿਨ ਇਸ ਤੋਂ ਵੀ ਜ਼ਿਆਦਾ ਮੁਬਾਰਕ ਦਿਨ ਹੈ ਅਤੇ ਉਹ ਦਿਨ ਇਨਸਾਨ ਦੀ **ਤੌਂਬਾ** ਦਾ ਦਿਨ ਹੈ। ਇਹ ਦਿਨ ਜੁਮਏ ਅਤੇ ਈਦ ਦੇ ਦਿਨ ਤੋਂ ਵੀ ਜ਼ਿਆਦਾ ਵਧ ਕੇ ਖ਼ੁਸ਼ੀ ਦਾ ਦਿਨ ਹੈ।

ਫ਼ਰਮਾਇਆ: ਹਕ਼ੀਕ਼ੀ ਤੌਂਬਾ ਦੇ ਨਾਲ਼ ਹਕ਼ੀਕ਼ੀ **ਪਾਕੀਜ਼ਗੀ** ਅਤੇ **ਪਵਿੱਤਰਤਾ** ਸ਼ਰਤ ਹੈ, ਹਰ ਕ਼ਿਸਮ ਦੀ **ਨਜਾਸਤ** ਅਤੇ **ਗੰਦਗੀ** ਤੋਂ ਅਲੱਗ ਹੋਣਾ ਸ਼ਰਤ ਹੈ ਨਹੀਂ ਤਾਂ ਮਹਿਜ਼ ਤੌਂਬਾ ਦੇ ਲਫ਼ਜ਼ ਦੁਹਰਾਉਣ ਨਾਲ਼ ਤਾਂ ਕੁੱਝ ਫ਼ਾਇਦਾ ਨਹੀਂ ਹੈ। ਜਿਹੜਾ ਦਿਨ ਅਜਿਹਾ ਮੁਬਾਰਕ ਦਿਨ ਹੋਵੇ ਕਿ ਜਿਸ ਵਿੱਚ ਇਨਸਾਨ ਆਪਣੀਆਂ ਬਦ ਕਰਤੂਤਾਂ ਤੋਂ ਤੌਂਬਾ ਕਰਕੇ ਅੱਲਾਹ ਤਆਲਾ ਦੇ ਨਾਲ਼ ਸੱਚੀ ਸੁਲਹ ਦਾ ਵਾਅਦਾ ਕਰ ਲਵੇ ਅਤੇ ਉਸ ਦੇ ਹੁਕਮਾਂ ਦੇ ਲਈ ਆਪਣਾ ਸਿਰ ਪੇਸ਼ ਕਰ ਦੇਵੇ ਤਾਂ ਕੀ ਸ਼ੱਕ ਹੈ ਕਿ ਉਸ ਅਜ਼ਾਬ ਤੋਂ ਜਿਹੜਾ ਖ਼ੁਫ਼ੀਆ ਤੌਰ 'ਤੇ ਉਸ ਦੀਆਂ ਬਦ ਅਮਲੀਆਂ ਦੇ ਨਤੀਜੇ ਵਿੱਚ ਤਿਆਰ ਹੋ ਰਿਹਾ ਸੀ, ਬਚਾਇਆ ਜਾਵੇ, ਅਤੇ ਇਸ ਤਰ੍ਹਾਂ ਉਹ ਇਨਸਾਨ ਉਹ ਚੀਜ਼ ਪਾ ਲਵੇਗਾ ਜਿਸ ਦੀ ਗੋਇਆ ਉਸਨੂੰ ਉਮੀਦ ਹੀ ਨਹੀਂ ਸੀ।

ਦੁਨੀਆ ਵਿੱਚ ਅੱਜ ਕੱਲ ਇੰਨੀਆਂ **ਗ਼ਲਾਜ਼ਤਾਂ** ਹਨ ਪਰ ਇਨ੍ਹਾਂ ਦਿਨਾਂ ਵਿੱਚ ਜਦ ਇੱਕ ਮੋਮਿਨ ਅੱਲਾਹ ਤਆਲਾ ਦੀ ਖ਼ਾਤਿਰ ਰੋਜ਼ੇ ਰੱਖਦਾ ਹੈ ਅਤੇ ਉਸ ਦੀ ਨੇੜਤਾ ਪਾਉਣ ਦੀ ਕੋਸ਼ਿਸ਼ ਕਰਦਾ ਹੈ ਤਾਂ ਅੱਲਾਹ ਤਆਲਾ ਉਸ ਦਾ ਬਦਲਾ ਬਹੁਤ ਜ਼ਿਆਦਾ ਦਿੰਦਾ ਹੈ। ਜਦ ਅਸੀਂ ਇਨ੍ਹਾਂ ਗੱਲਾਂ 'ਤੇ ਅਮਲ ਕਰਨ ਦੀ ਕੋਸ਼ਿਸ਼ ਕਰਾਂਗੇ ਤਾਂ ਅਸੀਂ ਅਤੇ ਸਾਡਾ ਖ਼ਾਨਦਾਨ ਉਨ੍ਹਾਂ ਹਕ਼ੀਕ਼ੀ ਈਦ ਦੀਆਂ ਖ਼ੁਸ਼ੀਆਂ ਨੂੰ ਪਾਉਣ ਵਾਲ਼ਾ ਹੋਵੇਗਾ ਜੋ ਈਦ ਦਾ ਅਸਲ ਮਕ਼ਸਦ ਹੈ।

ਅੱਲਾਹ ਕਰੇ ਕਿ ਅਸੀਂ ਹੁਣ ਉਨ੍ਹਾਂ ਨੇਕੀਆਂ ਨੂੰ ਜਾਰੀ ਰੱਖਣ ਵਾਲ਼ੇ ਬਣੀਏ ਜਿਨ੍ਹਾਂ ਨੂੰ ਅਸੀਂ ਰਮਜ਼ਾਨ ਵਿੱਚ ਇਖ਼ਤਿਆਰ ਕਰਨ ਦੀ ਕੋਸ਼ਿਸ਼ ਕੀਤੀ ਸੀ। ਜੇਕਰ ਰਮਜ਼ਾਨ ਵਿੱਚ **ਤਰਾਵੀਹ** ਜਾਂ **ਤਹੱਜੁਦ** ਦੇ ਲਈ ਮਸਜਿਦ ਵਿੱਚ ਆਉਂਦੇ ਰਹੇ ਸਾਂ ਤਾਂ ਹੁਣ ਘਰਾਂ ਵਿੱਚ ਕੁੱਝ ਨਾ ਕੁੱਝ **ਨਫ਼ਲਾਂ** ਦਾ ਪ੍ਰਬੰਧ ਕਰਨ ਵਾਲ਼ੇ ਹੋਈਏ। ਅੱਲਾਹ ਕਰੇ ਕਿ ਅਸੀਂ ਬੰਦਿਆਂ ਦੇ ਹੱਕ਼ ਅਦਾ ਕਰਨ ਵਾਲ਼ੇ ਹੋਈਏ, ਇੱਕ ਦੂਸਰੇ ਦਾ ਹੱਕ਼ ਅਦਾ ਕਰਨ ਵਾਲ਼ੇ ਬਣ ਸਕੀਏ। ਅੱਲਾਹ ਤਆਲਾ ਇਹ ਪਾਕ ਤਬਦੀਲੀ ਸਾਡੇ ਅੰਦਰ ਪੈਦਾ ਕਰਦਾ ਚਲਾ ਜਾਵੇ।

ਹਜ਼ੂਰ ਅਨਵਰ ਨੇ ਦੁਆਵਾਂ ਦੀ ਤਹਿਰੀਕ ਕਰਦੇ ਹੋਏ ਫ਼ਰਮਾਇਆ ਕਿ ਦੁਆਵਾਂ ਵੀ ਕਰਦੇ ਰਹੋ ਕਿ ਅੱਲਾਹ ਤਆਲਾ ਤਮਾਮ ਅਹਮਦੀਆਂ ਨੂੰ ਆਪਣੀ **ਰਹਿਮਤ** ਦੀ ਚਾਦਰ ਵਿੱਚ ਲਪੇਟ ਲਵੇ। ਬਹੁਤ ਸਾਰੀਆਂ ਜਗ੍ਹਾਵਾਂ 'ਤੇ ਬਹੁਤ ਸਾਰੇ ਮਜਬੂਰ ਅਹਮਦੀ ਬਿਨਾ ਵਜ੍ਹਾ ਝੂਠੇ ਕ਼ਾਨੂੰਨਾਂ ਦੀ ਗ੍ਰਿਫ਼ਤ ਵਿੱਚ ਹਨ ਜਿਵੇਂ ਕਿ **ਪਾਕਿਸਤਾਨ** ਵਿੱਚ ਕਿ ਜਿਹੜੇ ਮਜ਼ਹਬੀ ਆਜ਼ਾਦੀ ਨਾਲ਼ ਈਦ ਦੀ ਨਮਾਜ਼ ਵੀ ਨਹੀਂ ਪੜ੍ਹ ਸਕਦੇ। ਅੱਲਾਹ ਤਆਲਾ ਉਨ੍ਹਾਂ ਨੂੰ ਇਹ ਮੌਕ਼ਾ ਅਤਾ ਫ਼ਰਮਾਵੇ ਕਿ ਉਹ ਹਕ਼ੀਕ਼ੀ ਈਦ ਮਨਾਉਣ ਵਾਲ਼ੇ ਹੋਣ, ਆਪਣੇ ਆਪ ਨੂੰ ਖ਼ੁਦਾ ਦੇ ਕ਼ਰੀਬ ਲਿਆਉਣ ਵਾਲ਼ੇ ਹੋਣ ਅਤੇ ਈਦ ਦੀ ਜ਼ਾਹਿਰੀ ਖ਼ੁਸ਼ੀਆਂ ਵੀ ਮਨਾ ਸਕਣ। ਅੱਲਾਹ ਤਆਲਾ ਉਨ੍ਹਾਂ ਦੀਆਂ ਮੁਸ਼ਕਿਲਾਂ ਨੂੰ ਦੂਰ ਫ਼ਰਮਾਵੇ।

ਅੱਜ ਵੀ ਬੜੀ **ਖ਼ੌਫ਼** ਦੀ ਹਾਲਤ ਵਿੱਚ ਉਨ੍ਹਾਂ ਨੇ ਈਦ ਦੀ ਨਮਾਜ਼ ਪੜ੍ਹੀ ਹੈ। ਵਕ਼ਤ ਬਦਲ ਬਦਲ ਕੇ ਅਤੇ ਜਗ੍ਹਾਵਾਂ ਬਦਲ ਬਦਲ ਕੇ ਨਮਾਜ਼ ਅਦਾ ਕੀਤੀ ਹੈ। ਕਰਾਚੀ ਵਿੱਚ ਅਤੇ ਕੁੱਝ ਜਗ੍ਹਾਵਾਂ ‘ਤੇ ਨਮਾਜ਼ਾਂ ਪੜ੍ਹਨ ਤੋਂ ਰੋਕਿਆ ਵੀ ਗਿਆ ਅਤੇ ਮਸਜਿਦਾਂ ‘ਤੇ ਵਿਰੋਧੀਆਂ ਨੇ ਹਮਲੇ ਵੀ ਕੀਤੇ। **ਕ਼ਾਨੂੰਨ** ਦੇ ਠੇਕੇਦਾਰਾਂ ਦਾ ਇਹ ਹਾਲ ਹੈ ਕਿ ਬਜਾਏ ਇਸ ਦੇ ਕੇ ਹਮਲਾ ਕਰਨ ਵਾਲਿਆਂ ਨੂੰ ਰੋਕਦੇ, ਉਨ੍ਹਾਂ ਨੇ ਸਾਡੀਆਂ ਮਸਜਿਦਾਂ ਨੂੰ ਤਾਲੇ ਲਾ ਦਿੱਤੇ। ਅੱਲਾਹ ਤਆਲਾ ਛੇਤੀ ਇਨ੍ਹਾਂ ਵਿਰੋਧੀਆਂ ਦੀ ਪਕੜ ਦੇ ਸਮਾਨ ਕਰੇ।

ਬਿਮਾਰਾਂ ਦੇ ਲਈ ਵੀ ਦੁਆ ਕਰੋ। ਅੱਲਾਹ ਤਆਲਾ ਸਭ ਬਿਮਾਰਾਂ ਨੂੰ ਸਿਹਤ ਦੇਵੇ। **ਇਨਸਾਨੀਅਤ**, **ਇਸਲਾਮ**, ਅਤੇ **ਜਮਾਅਤ** ਦੀ ਖ਼ਾਤਿਰ ਮਾਲੀ ਅਤੇ ਹਰ ਤਰ੍ਹਾਂ ਦੀ ਕੁਰਬਾਨੀ ਕਰਨ ਵਾਲਿਆਂ ‘ਤੇ ਵੀ ਅੱਲਾਹ ਤਆਲਾ ਆਪਣੇ ਅਫ਼ਜ਼ਾਲ ਨਾਜ਼ਿਲ ਫ਼ਰਮਾਵੇ। ਆਮੀਨ।

**ਸ਼ਹੀਦਾਂ** ਦੇ ਬੱਚਿਆਂ ਲਈ, **ਅਸੀਰਾਨਿ ਰਾਹਿ ਮੌਲਾ** ਦੇ ਲਈ, **ਵਾਕ਼ਫ਼ੀਨਿ ਜ਼ਿੰਦਗੀ** ਦੇ ਲਈ ਅਤੇ ਸਮੂਹਿਕ ਤੌਰ ‘ਤੇ **ਉੱਮਤਿ ਮੁਸਲਿਮਾ** ਦੇ ਲਈ ਦੁਆ ਕਰੋ। ਅੱਲਾਹ ਤਆਲਾ ਮੁਸਲਮਾਨਾਂ ਨੂੰ ਅਕ਼ਲ ਅਤੇ ਸਮਝ ਦੇਵੇ। ਇਹ ਲੋਕ ਹਕ਼ੀਕ਼ੀ ਮਾਅਨਿਆਂ ਵਿੱਚ ਖ਼ੁਦਾ ਦਾ ਦਾਮਨ ਫੜ ਸਕਣ। ਇਸ ਜ਼ਮਾਨੇ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿੱਸ੍ਸਲਾਮ ਨੂੰ ਕ਼ਬੂਲ ਕਰਕੇ ਇਹ ਲੋਕ ਖ਼ੁਦਾ ਦੀ ਰਜ਼ਾ ਨੂੰ ਪਾ ਸਕਣ ਅਤੇ ਹਕ਼ੀਕ਼ੀ ਈਦ ਮਨਾ ਸਕਣ।

ਖ਼ੁਤਬਾ ਸਾਨਿਯਾ ਦੇ ਬਾਅਦ ਹਜ਼ੂਰ ਅਨਵਰ ਨੇ ਤਮਾਮ **ਅਹਬਾਬਿ ਜਮਾਅਤ** ਨੂੰ ਈਦ ਮੁਬਾਰਕ ਦਾ ਤੋਹਫ਼ਾ ਇਨਾਇਤ ਫ਼ਰਮਾਇਆ। ਉਸਦੇ ਬਾਅਦ ਹਜ਼ੂਰ ਅਨਵਰ ਨੇ ਫ਼ਰਮਾਇਆ ਕਿ ਮੈਂ ਕਿਹਾ ਸੀ ਕਿ ਪਾਕਿਸਤਾਨ ਦੇ ਲੋਕਾਂ ਨੂੰ ਲਗਾਤਾਰ ਦੁਆਵਾਂ ਵਿੱਚ ਯਾਦ ਰੱਖੋ, ਕਾਫ਼ੀ ਸਖ਼ਤ ਹਾਲਾਤ ਹਨ। ਅੱਲਾਹ ਤਆਲਾ ਹਕ਼ੀਕ਼ੀ ਮਾਅਨਿਆਂ ਵਿੱਚ ਉਨ੍ਹਾਂ ਦੇ ਲਈ ਈਦ ਮੁਬਾਰਕ ਕਰੇ। ਉਨ੍ਹਾਂ ਸਭ ਨੂੰ ਈਦ ਮੁਬਾਰਕ ਹੋਵੇ। ਵਿਚਾਰੇ ਘਰਾਂ ਵਿੱਚ ਬੈਠੇ ਹਨ। ਬ-ਜ਼ਾਹਿਰ ਮਾਯੂਸੀ ਹੈ ਪਰ ਉਨ੍ਹਾਂ ਨੂੰ ਫ਼ਿਕਰ ਨਹੀਂ ਕਰਨੀ ਚਾਹੀਦੀ। ਅੱਲਾਹ ਤਆਲਾ ਇਨਸ਼ਾ ਅੱਲਾਹ ਛੇਤੀ ਹਾਲਾਤ ਬਦਲੇਗਾ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞